# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰਿਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ

ਈ.ਮੇਲ: directorscert@punjabeducation.gov.in ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿੱ),
ਪੰਜਾਬ।

ਮੀਮੋ ਨੰਬਰ:SCERT/SCI/2024295578/e-577295 ਮਿਤੀ: ਐਸ.ਏ.ਐਸ. ਨਗਰ: 19.11.2024

**ਵਿਸ਼ਾ : 8ਵੀਂ ਜਮਾਤ ਦੇ ਵਿਦਿਆਰਥੀਆਂ ਦੇ Excursion Trips ਸੰਬੰਧੀ**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ੈਸ਼ਨ 2024-25 ਦੌਰਾਨ 8ਵੀਂ ਜਮਾਤ ਵਿੱਚ ਪੜ੍ਹਦੇ ਸਮੂਹ ਵਿਦਿਆਰਥੀਆਂ ਨੂੰ ਪੰਜਾਬ ਰਾਜ ਦੀਆਂ ਵਿਗਿਆਨਕ ਅਤੇ ਇਤਿਹਾਸਿਕ ਮਹੱਤਤਾ ਵਾਲੇ ਸਥਾਨਾਂ 'ਤੇ ਯਾਤਰਾ ਕਰਵਾਈ ਜਾਣੀ ਹੈ।

3.0 ਇਹਨਾਂ ਵਿਦਿਆਰਥੀਆਂ ਨੂੰ ਪੰਜਾਬ ਰਾਜ ਵਿੱਚ ਮੌਜੂਦ ਵਿਗਿਆਨਕ ਅਤੇ ਇਤਿਹਾਸਿਕ ਮਹੱਤਤਾ ਵਾਲੇ ਸਥਾਨ ਜਿਵੇਂ ਕਿ ਸਾਇੰਸ ਸਿਟੀ, ਜੰਗ-ਏ-ਆਜ਼ਾਦੀ ਮੈਮੋਰੀਅਲ, ਮਿਊਜ਼ੀਅਮ, ਆਰਟ ਗੈਲਰੀ, ਡੈਮ, ਬੋਟੈਨੀਕਲ ਗਾਰਡਨ, ਚਿੜਿਆਘਰ, ਪੁਰਤੱਤਵ ਸਥਾਨ ਆਦਿ ਤੇ ਲਿਜਾਇਆ ਜਾ ਸਕਦਾ ਹੈ।

4.0 ਇਹਨਾਂ Excursion Trips ਲਈ ਪ੍ਰਵਾਨਿਤ ਰਾਸ਼ੀ ਦੇ ਵੇਰਵੇ ਹੇਠ ਅਨੁਸਾਰ ਹਨ:

| ਲੜੀ ਨੰ. | ਜ਼ਿਲ੍ਹਾ | 8ਵੀਂ ਜਮਾਤ ਦੇ ਵਿਦਿਆਰਥੀਆਂ ਦੀ ਗਿਣਤੀ | Financial @ Rs. 500/ਵਿਦਿਆਰਥੀ |
|---|---|---|---|
| 1 | ਅੰਮ੍ਰਿਤਸਰ | 17168 | 85.84 |
| 2 | ਬਰਨਾਲਾ | 4368 | 21.84 |
| 3 | ਬਠਿੰਡਾ | 11984 | 59.92 |
| 4 | ਫਰੀਦਕੋਟ | 5111 | 25.555 |
| 5 | ਫਤਿਹਗੜ੍ਹ ਸਾਹਿਬ | 4086 | 20.43 |
| 6 | ਫਾਜ਼ਿਲਕਾ | 12088 | 60.44 |
| 7 | ਫਿਰੋਜ਼ਪੁਰ | 8244 | 41.22 |
| 8 | ਗੁਰਦਾਸਪੁਰ | 11238 | 56.19 |
| 9 | ਹੁਸ਼ਿਆਰਪੁਰ | 10933 | 54.665 |
| 10 | ਜਲੰਧਰ | 13203 | 66.015 |
| 11 | ਕਪੂਰਥਲਾ | 5368 | 26.84 |
| 12 | ਲੁਧਿਆਣਾ | 21752 | 108.76 |
| 13 | ਮਲੇਰਕੋਟਲਾ | 2595 | 12.975 |
| 14 | ਮਾਨਸਾ | 6993 | 34.965 |
| 15 | ਮੋਗਾ | 7859 | 39.295 |
| 16 | ਸ.ਅ.ਸ. ਨਗਰ | 7792 | 38.96 |
| 17 | ਸ.ਭ.ਸ. ਨਗਰ | 4171 | 20.855 |
| 18 | ਪਠਾਨਕੋਟ | 4059 | 20.295 |
| 19 | ਪਟਿਆਲਾ | 14592 | 72.96 |
| 20 | ਰੂਪਨਗਰ | 4833 | 24.165 |
| 21 | ਸੰਗਰੂਰ | 9063 | 45.315 |
| 22 | ਸ਼੍ਰੀ ਮੁਕਤਸਰ ਸਾਹਿਬ | 8472 | 42.36 |
| 23 | ਤਰਨਤਾਰਨ | 10095 | 50.475 |
| **Total** | | **211623** | **1030.335** |

5.0 ਇਸ ਰਾਸ਼ੀ ਨੂੰ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ (ਚਾਹ-ਪਾਣੀ, ਸਨੈਕਸ, ਖਾਣਾ), ਟ੍ਰਾਂਸਪੋਰਟੇਸ਼ਨ ਅਤੇ ਹੋਰ ਫੁੱਟਕਲ ਖਰਚੇ ਲਈ ਵਰਤਿਆ ਜਾ ਸਕਦਾ ਹੈ।

6.0 ਉਪਰੋਕਤ Excursion trip ਲਈ 8ਵੀਂ ਜਮਾਤ ਦੇ ਵਿਦਿਆਰਥੀਆਂ ਦੀ ਗਿਣਤੀ ਮੁੱਖ ਦਫ਼ਤਰ ਦੇ MIS ਵਿੰਗ ਤੋਂ ਪ੍ਰਾਪਤ ਵਿਦਿਆਰਥੀਆਂ ਦੀ ਮੌਜੂਦਾ ਗਿਣਤੀ ਅਨੁਸਾਰ ਹੈ।

7.0 Excursion trip ਲਈ ਹਦਾਇਤਾਂ ਹੇਠ ਅਨੁਸਾਰ ਹਨ:

7.1 ਸਕੂਲ ਮੁੱਖੀ Excursion trip ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਬੱਸ, ਵੈਨ ਜਾਂ ਕੋਈ ਹੋਰ ਢੁੱਕਵੇ ਵਾਹਨ ਨੂੰ ਹਾਇਰ (Hire) ਕਰਨਗੇ ਅਤੇ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਹਾਇਰ (Hire) ਕੀਤਾ ਵਾਹਨ ਸੇਫਟੀ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ।

7.2 Excursion trip ਦੌਰਾਨ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੋੜੀਂਦੇ ਅਧਿਆਪਕ ਅਤੇ ਲੜਕੀਆਂ ਨਾਲ ਮਹਿਲਾ ਅਧਿਆਪਕ ਦੀ ਡਿਊਟੀ ਲਗਾਉਣੀ ਯਕੀਨੀ ਬਣਾਈ ਜਾਵੇ।

7.3 ਵਿਦਿਆਰਥੀਆਂ ਨੂੰ Excursion trip ਤੇ ਭੇਜਣ ਤੋਂ ਪਹਿਲਾਂ ਮਾਤਾ-ਪਿਤਾ ਵੱਲੋਂ NOC/ਸਹਿਮਤੀ ਪੱਤਰ ਜ਼ਰੂਰ ਲੈ ਲਿਆ ਜਾਵੇ।

7.4 Excursion trip ਦੌਰਾਨ ਵਿਦਿਆਰਥੀ ਸਕੂਲ ਦੀ ਵਰਦੀ ਵਿੱਚ ਹੋਣ।

7.5 Excursion trip ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਵੇ।

7.6 ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀ Excursion trip ਉਪਰੰਤ ਸਮੇਂ ਸਿਰ ਘਰ ਪਹੁੰਚ ਜਾਣ।

7.7 Excursion trip ਦੌਰਾਨ first aid kit ਕੋਲ ਜ਼ਰੂਰ ਰੱਖੀ ਜਾਵੇ।

7.8 ਖਰਾਬ ਮੌਸਮ ਵਾਲੇ ਦਿਨ ਵਿਦਿਆਰਥੀਆਂ ਨੂੰ Excursion Trip ਤੇ ਲੈ ਜਾਣ ਤੋਂ ਗੁਰੇਜ਼ ਕੀਤਾ ਜਾਵੇ।

7.9 ਮਿਡਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਣ ਦੀ ਸੂਰਤ ਵਿੱਚ ਆਪਣੇ ਕੰਪਲੈਕਸ ਦੇ ਸੀਨੀਅਰ ਸੈਕੰਡਰੀ ਸਕੂਲ ਨਾਲ ਤਾਲਮੇਲ ਕਾਇਮ ਕਰਕੇ ਯਾਤਰਾ ਦਾ ਪ੍ਰਬੰਧ ਕੀਤਾ ਜਾਵੇ।

7.10 Excursion trip ਦੌਰਾਨ ਕੀਤੇ ਖਰਚੇ ਦਾ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ।

8.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੁਆਰਾ ਇਸ Excursion Trip ਨੂੰ 20 ਦਸੰਬਰ, 2024 ਤੱਕ ਹਰ ਹਾਲਤ ਵਿੱਚ ਮੁੰਕਮਲ ਕਰਕੇ ਵਰਤੋਂ ਸਰਟੀਫ਼ਿਕੇਟ ਮੁੱਖ ਦਫ਼ਤਰ ਨਾਲ ਸਾਂਝਾ ਕੀਤਾ ਜਾਵੇ।

**ਅਮਨਿੰਦਰ ਕੌਰ ਬਰਾੜ (PCS),**
**ਡਾਇਰੈਕਟਰ,**
**ਐਸ.ਸੀ.ਈ.ਆਰ.ਟੀ.,ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ: ਐਸ.ਏ.ਐਸ.ਨਗਰ: 19.11.2024

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁਖੀ

**(ਡਾ. ਅਮਨਦੀਪ ਕੌਰ)**
**ਸਹਾਇਕ ਡਾਇਰੈਕਟਰ**
**ਐੱਸ.ਸੀ.ਈ.ਆਰ.ਟੀ.,ਪੰਜਾਬ।**